# ਰੇਡੀਓ ਲਵੀਵਾਰ – ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ

## ਕੜੀ–44, "ਪ੍ਰਵਾਸ, ਸ਼ਹਿਰਾਂ ਦਾ ਪਸਾਰਾ, ਸਮੱਸਿਆਵਾਂ ਤੇ ਸਾਰਿਆਂ ਲਈ ਆਵਾਸ"

## (Migration, Growth of Cities, Problems and Assess to Shelter for All)


### ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

### ਲੇਖਣ, ਖੋਜ ਤੇ ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ



(In this episode we have discussed the factors that lead to increasing migration , both internal and external, the impact of the said migration on the increasing urbanisation , growth of cities , development of mega cities , the problems of energy, housing , water, sanitation, employment, ecology, job opportunities, ecosystems, economy, culture, services, health and shelter. The causes of the urban population of 2% in 1800 reaching the level of 50% in two centuries only have also been discussed. further as to how are the mega cities developing, increasing in number fastly, . Impact of these mega cities on resources , environment and community services. The issue of increasing urbanisation in Punjab and its impact on rural economy has been discussed. the impact of this urbanisation on policy formulation and Governance has also been discussed)

(ਇਸ ਕੜੀ ਵਿਚ ਵੱਧਦੇ ਹੋਏ ਅੰਦਰੂਨੀ ਤੇ ਬਾਹਰੀ ਪ੍ਰਵਾਸ ਤੇ ਚਰਚਾ ਹੈ, ਇਸ ਪ੍ਰਵਾਸ ਦੇ ਵੱਧਦੇ ਸ਼ਹਿਰੀਕਰਨ 'ਤੇ, ਫੈਲਦੇ ਸ਼ਹਿਰਾਂ 'ਤੇ ਮਹਾਂ ਨਗਰਾਂ ਦੇ ਵਿਕਸਿਤ ਹੋਣ ਤੇ , ਊਰਜਾ, ਪਾਣੀ ,ਭੋਜਨ , ਪਰਿਵਹਿਣ, ਸਫਾਈ , ਰੁਜਗਾਰ, ਪਰਿਆਵਰਣ , ਵਾਤਾਵਰਣੀ ਪ੍ਰਣਾਲੀ , ਕਿਤੇ ਦੀਆਂ ਸੰਭਾਵਨਾਵਾਂ ਅਤੇ ਕੁਦਰਤੀ ਪ੍ਰਸਿਥਿਤਿਕ ਤੰਤਰ , ਅਰਥਚਾਰੇ ਸਭਿਆਚਾਰ, ਸੇਵਾਵਾਂ ਅਤੇ ਸਿਹਤ 'ਤੇ ਪੈਂਦੇ ਪ੍ਰਭਾਵਾਂ ਬਾਬਤ ਅਤੇ ਸਾਰਿਆਂ ਵਾਸਤੇ ਆਵਾਸ ਉਪਲਬਧ ਕਰਵਾਉਣ ਉਪਰ ਚਰਚਾ ਹੈ ! ਇਸ ਕੜੀ ਵਿੱਚ ਗੱਲ ਹੋਈ ਹੈ ਕਿ ਕਿੰਨ੍ਹਾਂ ਕਾਰਨਾਂ ਕਰਕੇ ਸੰਸਾਰ ਦੀ ਸੰਨ 1800 ਦੀ 2% ਸ਼ਹਿਰੀ ਵਸੋਂ ਅੱਜ ਵਧ ਕੇ ਕਰੀਬ 50% 'ਤੇ ਪਹੁੰਚ ਚੁੱਕੀ ਹੈ ! ਕਿਵੇਂ ਵਿਕਸਿਤ ਹੋ ਰਹੇ ਨੇ ਮਹਾਂ ਨਗਰ ਤੇ ਵੱਧ ਰਹੀ ਹੈ ਇਨ੍ਹਾਂ ਦੀ ਗਿਣਤੀ ਤੇਜੀ ਨਾਲ , ਕੀ ਹੈ ਇਨ੍ਹਾਂ ਦਾ ਪ੍ਰਭਾਵ ਸਾਡੇ ਸ੍ਰੋਤਾਂ ਉਪਰ, ਆਵਸ ਉਪਰ, ਸਰਵਜਨਕ ਸੇਵਾਵਾਂ ਉਪਰ ਤੇ ਮੰਗ ਉਪਰ ! ਪੰਜਾਬ ਵਿੱਚ ਵੱਧਦੇ ਸ਼ਹਿਰੀਕਰਨ ਅਤੇ ਇਸਦੇ ਦਿਹਾਤੀ ਖੇਤਰ ਦੇ ਅਰਥਚਾਰੇ 'ਤੇ ਪੈਂਦੇ ਪ੍ਰਭਾਵਾਂ ਉਪਰ ਵੀ ਚਰਚਾ ਕੀਤੀ ਹੈ ! ਇਸਦੇ ਨਾਲ ਹੀ ਇਸ ਸ਼ਹਿਰੀਕਰਨ ਦੇ ਨੀਤੀਆਂ ਘੜਣ ਉਪਰ ਅਤੇ ਰਾਜ ਪ੍ਰਣਾਲੀ 'ਤੇ ਪੈਂਦੇ ਪ੍ਰਭਾਵਾਂ ਉਪਰ ਵੀ ਚਰਚਾ ਹੋਈ ਹੈ ! )

ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਸੀਤਾ: ਇੱਕ ਲੜਕੀ (17-19 ਸਾਲ)
4. ਗੁਰਿੰਦਰ: ਲੜਕਾ (17-19 ਸਾਲ )
5. ਪ੍ਰੋ.ਕਮਲ ਕਾਂਤ: ਸਮਾਜ ਸ਼ਾਸ਼ਤਰ ਦਾ ਪ੍ਰੋਫੈਸਰ
6. ਹਰਸਿਮਰਨ ਸਿੰਘ: ਨਗਰ ਯੋਜਨਾਕਾਰ
7. ਅੰਮ੍ਰਿਤ ਕੁਮਾਰੀ : ਇੱਕ ਪਰਿਆਵਰਣ ਪ੍ਰੇਮੀ
8. ਦਰਸ਼ਨਸਿੰਘ: ਇੱਕ ਹੋਰ ਵਿਦਿਆਰਥੀ

**ਲੜੀਵਾਰ ਦੇ ਸੰਗੀਤ ਦੀ ਧੁਨ...............................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ**

**ਸੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਤਰਤਾਲੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਦਰਪੇਸ਼ ਨੇ ਜੋ ਧਰਤ ਗ੍ਰਹਿ ਨੂੰ , ਇਥੋਂ ਦੇ ਸਮੁੰਦਰਾਂ, ਦਰਿਆਵਾਂ ਪਹਾੜਾਂ, ਜੰਗਲ ਬੇਲਿਆਂ, ਜੰਗਲੀ ਜਾਨਵਰਾਂ, ਪਸ਼ੂ-ਪੰਛੀਆਂ ਤੇ ਮਨੁਖਤਾ ਨੂੰ ! ਅੱਜ ਦੀ ਕੜੀ **"ਪ੍ਰਵਾਸ, ਸ਼ਹਿਰਾਂ ਦਾ ਪਸਾਰਾ, ਸਮੱਸਿਆਵਾਂ ਤੇ ਸਾਰਿਆਂ ਲਈ ਆਵਾਸ"** ਵਿੱਚ ਹੈ ਪੇਸ਼ਕਾਰੀ ਸਾਡੇ ਇਸ ਧਰਤੀ ਉਪਰ ਪ੍ਰਵਾਸ ਦੀ, ਫੈਲ ਰਹੇ ਸ਼ਹਿਰਾਂ ਨਾਲ ਪੈਦਾ ਹੋ ਰਹੀਆਂ ਪਰਿਆਵਰਣੀ ਸਮੱਸਿਆਵਾਂ ਦੀ ਤੇ ਉਨ੍ਹਾਂ ਤੋਂ ਛੁਟਕਾਰੇ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 44ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਸਾਰ ਅਸੀਂ ਟਿਕਾਊ ਵਿਕਾਸ ਦੀਆਂ ਪਿਛਲੀਆਂ ਸੱਤ ਕੜੀਆਂ ਵਿੱਚ ਕੀਤੀ ਚਰਚਾ ਦੇ ਮੁੱਦਿਆਂ ਦਾ !

**ਔਰਤ ਸੂਤਰਧਾਰ:** ਹੋਈ ਸੀ ਗੱਲ ਖੇਤੀ ਵਿੱਚ ਵੰਨ -ਸੁਵੰਨਤਾ ਦੀ ਤੇ ਇਸਦੀ ਮਨੁੱਖਤਾ ਵਾਸਤੇ ਅਹਿਮੀਅਤ ਦੀ !

**ਮਰਦ ਸੂਤਰਧਾਰ:** ਗੱਲ ਕੀਤੀ ਸੀ ਕਿ ਚੌਲਾਂ ਦੀਆਂ ਲੱਖਾਂ ਹੀ ਵੰਨਗੀਆਂ ਵਿੱਚੋਂ ਰਹਿ ਗਈਆਂ ਮੁੱਠੀ ਭਰ ਹੀ , ਦੱਸਿਆ ਸੀ ਕਿ 50,000 ਵੰਨਗੀਆਂ ਦੇ ਤਾਂ ਨਮੂਨੇ ਵੀ ਪਏ ਨੇ ਸਾਂਭੇ ਸਾਡੇ ਕੋਲ !

**ਔਰਤ ਸੂਤਰਧਾਰ:** ਚਰਚਾ ਵਿੱਚ ਆਇਆ ਸੀ ਸਾਹਮਣੇ ਕਿ ਹਰੇ ਇਨਕਲਾਬ ਨਾਲ ਖਤਮ ਹੋ ਗਏ ਸਾਡੇ ਚਿੱਬੜ੍ਹ ,ਬੇਰ ਤੇ ਵਾੜੀ ਕਰੇਲੇ, ਜੰਡ, ਕਰੀਰ, ਰੇਰੂ ਤੇ ਫਰਮਾਂਹ, ਸਨਕ ਨਮੋਲੀਆਂ ਤੇ ਕੌੜ ਤੂੰਬੇ !

**ਮਰਦ ਸੂਤਰਧਾਰ:** ਹੋਈ ਸੀ ਗੱਲ ਪਸ਼ੂ ਵਿਭਿੰਨਤਾ ਦੀ ਅਹਿਮੀਅਤ ਦੀ ਤੇ ਸਾਡੀਆਂ ਦੇਸੀ ਗਾਵਾਂ ਦਾ ਰੋਗ ਰੋਧਕ ਤੱਤਾਂ ਵਾਲੇ ਦੁੱਧ ਦੇ ਖਾਤਮੇ ਦੀ!

**ਔਰਤ ਸੂਤਰਧਾਰ:** ਹੋਈ ਸੀ ਗੱਲ ਸਾਡੀ ਭੋਜਨ ਦੀ ਸੁਰੱਖਿਆ ਦੇ ਲਈ ਖੇਤੀ ਵੰਨ ਸੁਵੰਨਤਾ ਦੀ ਜਰੂਰਤ ਦੀ ! ਹੋਈ ਸੀ ਚਰਚਾ ਕਿ ਅਮਰੀਕਾ ਵਿੱਚ ਐਨੇ ਭੋਜਨ ਪਦਾਰਥ ਹੁੰਦੇ ਨੇ ਨਸ਼ਟ ਜਿੰਨੇ ਭਰ ਸਕਦੇ ਨੇ ਪੇਟ 40% ਆਬਾਦੀ ਦਾ !

**ਮਰਦ ਸੂਤਰਧਾਰ:** ਪਰਿਆਵਰਣ ਦੀ ਦੂਸ਼ਤਾ ਨਾਲ ਪੈਦਾ ਹੋਈ ਆਲਮੀ ਤਪਸ ਕਾਰਨ ਆਏ ਮੌਸਮੀ ਬਦਲਾਵਾਂ ਦਾ ਤੇ ਕੁਦਰਤ ਦੇ ਰੌਦਰ ਰੂਪ ਦਾ ਸੁਣਾਇਆ ਸੀ ਵਿਸਥਾਰ ! ਅਲ ਨੀਨੋ ਸਾਡੀਆਂ ਮੌਨਸੂਨ ਪੌਣਾਂ ਤੇ ਪੈਂਦੇ ਪ੍ਰਭਾਵ ਬਾਬਤ ਵੀ ਕੀਤੀ ਸੀ ਚਰਚਾ!

**ਔਰਤ ਸੂਤਰਧਾਰ:** ਹੋਈ ਸੀ ਗੱਲ ਸਮੁੰਦਰ ਦੀ ਪ੍ਰਸਿਥਿਤਕ ਪ੍ਰਣਾਲੀ ਦੇ ਟਿਕੇ ਤੇ ਜੀਵਤ ਰਹਿਣ ਦੀ ਮਹੱਤਤਾ ਦੀ, ਧਰਤੀ ਅਤੇ ਮਨੁੱਖਤਾ ਦੀ ਹੋਂਦ ਦੇ ਵਾਸਤੇ !

**ਮਰਦ ਸੂਤਰਧਾਰ:** ਚਰਚਾ ਸੀ ਕਿ ਸਮੁੰਦਰਾਂ ਵਿੱਚ ਸੁਟੇ ਜਾਂਦੇ ਉਦਯੋਗਾਂ ਦੇ ਗੰਦੇ ਪਾਣੀ , ਪਲਾਸਟਿਕ ਦੇ ਕਚਰੇ ਅਤੇ ਕੂੜੇ ਦੇ ਅੰਬਾਰਾਂ ਨਾਲ ਨਸ਼ਟ ਹੋ ਰਹੀ ਹੈ ਵੰਨ-ਸੁਵੰਨਤਾ, ਸਮੁੰਦਰੀ ਜਲ ਜੀਵਣ ਦੀ !

**ਔਰਤ ਸੂਤਰਧਾਰ:** ਵਿਸਥਾਰ ਨਾਲ ਪਾਇਆ ਸੀ ਚਾਨਣਾ ਬਾਟਮ ਟਰਾਲਿੰਗ ਨੈੱਟ ਰਾਹੀਂ ਨਸ਼ਟ ਹੋ ਰਹੇ ਨੇ ਸਮੁੰਦਰ ਦੇ ਢੂੰਘੇ ਪਾਣੀਆਂ ਵਿੱਚ ਵਸਦੇ ਭਾਂਤ -ਭਾਂਤ ਦੇ ਰੰਗ - ਬਰੰਗੇ ਸਮੁੰਦਰੀ ਜੀਵਾਂ ਦੇ ਰੈਣ ਬਸੇਰੇ ਨਸਟ ਹੋਣ ਬਾਬਤ !

**ਮਰਦ ਸੂਤਰਧਾਰ:** ਦੱਸਿਆ ਗਿਆ ਸੀ ਸਮੁੰਦਰੀ ਸੁਰੱਖਿਅਤ ਖੇਤਰਾਂ ਬਾਬਤ, ਜਲ ਜੀਵਾਂ ਦੀਆਂ ਸਮੁੰਦਰੀ ਰੱਖਾਂ ਬਾਬਤ ਅਤੇ ਸਮੁੰਦਰ ਦੇ ਸੁਰੱਖਿਅਣ ਵਾਸਤੇ ਬਣੇ ਕਾਨੂੰਨਾਂ ਤੇ ਉਨ੍ਹਾਂ ਦੀ ਪਾਲਣਾ ਬਾਬਤ ਵੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ -"**ਚਲਦੀ ਰਹੇ ਇਹ ਜਿੰਦਗੀ**" ਦੀ 44ਵੀਂ ਕੜੀ, "**ਪ੍ਰਵਾਸ, ਸ਼ਹਿਰਾਂ ਦਾ ਪਸਾਰਾ, ਸਮੱਸਿਆਵਾਂ ਤੇ ਸਾਰਿਆਂ ਲਈ ਆਵਾਸ**"! ਸੁਣੋ ਇਉਂ ਤੁਸੀਂ ਸਾਡੇ ਇਨ੍ਹਾਂ ਕਲਾਕਾਰਾਂ ਤੋਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

............**ਕੜੀ ਦਾ ਸੰਗੀਤ**............

**ਸਿਰਲੇਖ ਧੁਨੀ** ..................................**ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਪਹਿਲਾ**

**(ਸਰਕਾਰੀ ਕਾਲਜ ਲੁਧਿਆਣਾ ਦੀ ਕੈਂਟੀਨ , ਵਿਦਿਆਰਥੀ ਚਾਹ ਵਗੈਰਾ ਪੀ ਰਹੇ ਹਨ, ਗੁਰਿੰਦਰ ਅਖਬਾਰ ਤੇ ਨਜਰ ਮਾਰ ਰਿਹਾ ਹੈ ! ਕਿਸੇ ਦੀ ਉਡੀਕ ਵਿੱਚ ਹੈ )**

**ਗੁਰਿੰਦਰ:** ਗੋਸ਼ਟੀ ਸੁਰੂ ਹੋਣ ਵਿੱਚ ਤਾਂ ਥੋੜ੍ਹਾ ਹੀ ਵਕਤ ਰਹਿ ਗਿਆ! ਪਤਾ ਨਹੀਂ ਕਿਉਂ ਨਹੀਂ ਆਈ ਸੀਤਾ ਅਜੇ ਤੱਕ ! ਸੀਤਾ ਦਾ ਆਉਣਾ

**ਸੀਤਾ:** ਸੌਰੀ ਗੁਰਿੰਦਰ ! ਲੇਟ ਹੋ ਗਈ ! ਅੱਜ ਤਾਂ ਸ਼ਹਿਰ ਵਿੱਚ ਭੀੜ ਹੀ ਬੜੀ ਹੈ ! ਥਾਂ-ਥਾਂ ਤੇ ਫਸੇ ਨੇ ਲੋਕ ਜਾਮ ਵਿੱਚ !

**ਗੁਰਿੰਦਰ:** ਮੈਂ ਵੀ ਸੋਚ ਰਿਹਾ ਸੀ ਕਿ ਕੀ ਗੱਲ ਹੋ ਗਈ ? ਕਿਤੇ ਕੋਈ .........!

**ਸੀਤਾ:** ਆਹੋ ! ਕੁੱਝ ਵੀ ਹੋ ਸਕਦਾ ਹੈ ! ਆਹ ਸਮਰਾਲਾ ਰੋਡ ਤੇ ਤਾਂ ਕੁਹਾੜੇ ਤੱਕ ਲੱਗਿਆ ਹੈ ਜਾਮ !

**ਗੁਰਿੰਦਰ:** ਸ਼ਹਿਰ ਵੀ ਤਾਂ ਕਿੰਨਾ ਹੀ ਫੈਲ ਗਿਆ !

**ਸੀਤਾ:** ਸ਼ਹਿਰ ਤਾਂ ਹੁਣ ਫੈਲ ਹੀ ਰਹੇ ਨੇ ! ਪਰ ਦੁਖਾਂਤ ਤਾਂ ਇਹ ਹੈ ਕਿ ਪ੍ਰਬੰਧ ਲੋੜ ਅਨੁਸਾਰ ਨਹੀਂ !

**ਗੁਰਿੰਦਰ:** ਪ੍ਰਬੰਧ ਦੇ ਨਾਲ-ਨਾਲ ਬਹੁਤ ਸਾਰੇ ਹੋਰ ਕਾਰਕ ਵੀ ਨੇ ਇਸ ਭੀੜ ਭੜੱਕੇ ਦੇ !

**ਸੀਤਾ :** ਹੋਰ ਕਾਰਕ ?

**ਗੁਰਿੰਦਰ:** ਹਾਂ ! ਅੱਛਾ ਦਸੋ ਭਲਾ ਇਹ ਸਾਡਾ ਸ਼ਹਿਰ ਲੁਧਿਆਣਾ ਪਿਛਲੇ ਤਿੰਨ ਕੁ ਦਹਾਕਿਆਂ ਵਿੱਚ ਕਿੰਨਾ ਕੁ ਫੈਲਿਆ ਹੋਵੇਗਾ?

**ਸੀਤਾ:** ਆਹੀ ਕੋਈ ਦੁਗੁਣਾ ਹੋ ਗਿਆ ਹੋਵੇਗਾ !

**ਗੁਰਿੰਦਰ:** ਦੁਗੁਣਾ ਨਹੀਂ ! ਸਗੋਂ ਤਿਗੁਣਾ ਹੋ ਗਿਆ, 1981 ਵਿੱਚਲੀ ਛੇ ਕੁ ਲੱਖ ਦੀ ਆਬਾਦੀ ਵੱਧ ਕੇ 2011 ਵਿੱਚ ਪਹੁੰਚ ਗਈ ਸੀ 17 ਲੱਖ ਦੇ ਨੇੜੇ-ਤੇੜੇ !

**ਸੀਤਾ:** ਹਾਂ ! ਹੋ ਸਕਦਾ ਹੈ ! ਕਿਥੇ ਤਾਂ ਢੋਲੇ ਵਾਲਾ ਚੌਕ ਵੀ ਬਾਹਰ ਵਾਰ ਲੱਗਦਾ ਸੀ ਤੇ ਕਿਥੇ ਹੁਣ ਸਾਰੇ ਪਾਸੇ ਨਾਲ ਦੇ ਕਸਬੇ ਤੇ ਪਿੰਡਾਂ ਨਾਲ ਜਾ ਜੁੜਿਆ ਇਹ ਸੰਨਅਤੀ ਸ਼ਹਿਰ !

**ਗੁਰਿੰਦਰ:** ਚੰਡੀਗੜ੍ਹ ਰੋਡ 'ਤੇ ਕੁਹਾੜੇ ਨਾਲ, ਦੂਜੇ ਪਾਸੇ ਦੁਰਾਹੇ ਨਾਲ, ਤੇ ਬਾਕੀ ਪਾਸਿਆਂ 'ਤੇ ਗਿੱਲ, ਮੁਲਾਂਪੁਰ, ਫਿਲੌਰ ਨਾਲ ਜੁੜ ਚੱਲਿਆ ਹੈ ।

**ਸੀਤਾ:** ਪਿੰਡਾਂ ਵਿੱਚ ਕੰਮ ਨਹੀਂ, ਲੋਕਾਂ ਨੇ ਤਾਂ ਸ਼ਹਿਰਾਂ ਵੱਲ ਨੂੰ ਹੀ ਆਉਣਾ ਹੈ !

**ਗੁਰਿੰਦਰ:** ਹਾਂ ! ਕੰਮ ਦਾ ਵੀ ਹੈ ਪ੍ਰਸ਼ਨ , ਪਰ ਸਹੂਲਤਾਂ ਦਾ ਵੀ ਮੁੱਦਾ ਹੈ !

**ਸੀਤਾ:** ਸਹੂਲਤਾਂ ਤਾਂ ਹੁਣ ਪਿੰਡਾਂ ਵਿੱਚ ਬਹੁਤ ਨੇ , ਪੱਕੀਆਂ ਗਲੀਆਂ-ਨਾਲੀਆਂ, ਬਿਜਲੀ, ਸਕੂਲ, ਹਸਪਤਾਲ ਤੇ ਆਵਾਜਾਈ ਦੇ ਸਾਧਨ !

**ਗੁਰਿੰਦਰ:** ਪਰ ਅਜੇ ਵੀ ਅਸੀਂ ਸਾਡੇ ਮਰਹੂਮ ਰਾਸਟਰਪਤੀ ਸ੍ਰੀ ਅਬਦੁਲ ਕਲਾਮ ਦਾ ਪਿੰਡਾਂ ਦੀਆਂ ਸਹੂਲਤਾਂ ਬਾਬਤ ਸੁਪਨਾ ਪੂਰਾ ਨਹੀਂ ਹੋਇਆ !

**ਸੀਤਾ:** ਤੁਸੀਂ ਕਿਤੇ ਉਨ੍ਹਾਂ ਵੱਲੋਂ ਦਿੱਤੇ ਸੂਤਰ ਪੁਰਾ (PURA) ਦੀ ਗੱਲ ਤਾਂ ਨਹੀਂ ਕਰ ਰਹੇ ?

**ਗੁਰਿੰਦਰ:** ਹਾਂ ! ਉਨ੍ਹਾਂ ਕਿਹਾ ਸੀ ਪਿੰਡਾਂ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਦਿਓ ! ਪਰ ਕਿੱਥੇ ਨੇ ਉਹ ਸਹੂਲਤਾਂ ਅੱਜ ਵੀ ? ਪੇਂਡੂ ਸਿਖਿਆ ਵਿਵਸਥਾ ਚਰਮਰਾਈ ਪਈ ਹੈ, ਸਿਹਤ ਵਾਸਤੇ ਮਾਹਰਾਂ ਦੀਆਂ ਸੇਵਾਵਾਂ ਨਹੀਂ, ਬਿਜਲੀ ਵੀ 24 ਘੰਟੇ ਨਹੀਂ , ਪੀਣ ਦਾ ਪਾਣੀ ਸ਼ਹਿਰਾਂ ਦੇ ਮੁਕਾਬਲੇ ਕਿਤੇ ਨੇੜੇ ਤੇੜੇ ਵੀ ਨਹੀਂ !

**ਸੀਤਾ:** ਸਹੂਲਤਾਂ ਕਿਵੇਂ ਹੋਣ? ਸਰਕਾਰੀ ਨੌਕਰੀ ਕਰਨ ਵਾਲੇ ਤੇ ਸਰਦੇ ਪੁਜਦੇ ਪਰਿਵਾਰ ਤਾਂ ਪਿੰਡ ਛੱਡਦੇ ਜਾ ਰਹੇ ਹਨ!

**ਗੁਰਿੰਦਰ:** ਪੰਜਾਬ ਵਿੱਚ ਸ਼ਹਿਰੀਕਰਨ ਤੇ ਸ਼ਹਿਰਾਂ ਵੱਲ ਨੂੰ ਪ੍ਰਵਾਸ ਤੇਜੀ ਨਾਲ ਹੋ ਰਿਹਾ ਹੈ ! ਸ਼ਹਿਰ ਫੈਲ ਰਹੇ ਨੇ , ਸਰਹਿੰਦ, ਗੋਬਿੰਦਗੜ੍ਹ ਤੇ ਖੰਨਾ ਤਾਂ ਜੁੜੇ ਹੀ ਪਏ ਨੇ, ਕਰਤਾਰਪੁਰ ਤੇ ਜਲੰਧਰ ਵੀ ਹੋ ਗਏ ਇੱਕ ਹੀ !

**ਸੀਤਾ:** ਆਹੋ ! ਪੰਜਾਬ ਦੀ 37.48% ਆਬਾਦੀ ਰਹਿੰਦੀ ਹੈ ਸ਼ਹਿਰਾਂ ਵਿੱਚ !

**ਗੁਰਿੰਦਰ:** ਹਾਂ ! ਪਿਛਲੇ ਇੱਕ ਦਹਾਕੇ (2001-2011 ) ਦੌਰਾਨ ਤਾਂ ਸ਼ਹਿਰਾਂ ਵੱਲ ਪਲਾਇਨ ਬਹੁਤ ਹੀ ਤੇਜੀ ਨਾਲ ਹੋਇਆ ਹੈ !

**ਸੀਤਾ:** ਇਸੇ ਕਰਕੇ ਤਾਂ ਪੰਜਾਬ ਵਿੱਚ ਸੁਮਾਰੀ ਸ਼ਹਿਰਾਂ ਨੂੰ ਮਿਲਾ ਕੇ ਸਾਲ 2001 ਦੇ 157 ਤੋਂ ਵੱਧ ਕੇ 2011 ਵਿੱਚ ਸ਼ਹਿਰ ਬਣ ਗਏ 217 ਸਾਲ !

**ਗੁਰਿੰਦਰ:** ਸ਼ਹਿਰਾਂ ਵਿੱਚ ਉਸਰ ਰਹੀਆਂ ਨੇ ਗੰਦੀਆਂ ਬਸਤੀਆਂ ਵੀ, ਹੋ ਰਿਹਾ ਹੈ ਬੇਥਾਹ ਫੈਲਾਅ! ਸਮੱਸਿਆ ਆ ਰਹੀ ਹੈ ਕੂੜੇ ਦੇ ਢੇਰਾਂ ਦੀ, ਗੰਦ-ਮੰਦ ਦੇ ਨਿਪਟਾਰੇ ਦੀ, ਸਾਫ ਹਵਾ ਤੇ ਪੀਣ ਦੇ ਪਾਣੀ ਦੀ, ਆਵਾਸ ਦੀ ਤੇ ਭੀੜ ਭੜੱਕੇ ਦੀ!

**ਸੀਤਾ:** ਹੁਣ ਤਾਂ ਸ਼ਹਿਰਾਂ ਵਿੱਚ ਜੁਰਮ ਵੀ ਵੱਧ ਰਿਹਾ ਹੈ, ਵਿਸ਼ੇਸ਼ ਕਰਕੇ ਔਰਤਾਂ ਤੇ ਬੱਚਿਆਂ ਪ੍ਰਤੀ !

**ਗੁਰਿੰਦਰ:** ਚਲੋ ! ਅੱਜ ਇਸੇ ਪ੍ਰਵਾਸ ਅਤੇ ਵੱਧਦੇ ਸ਼ਹਿਰੀਕਰਨ ਨਾਲ ਫੈਲਦੇ ਸ਼ਹਿਰਾਂ 'ਤੇ ਹੋਣੀ ਹੈ ਚਰਚਾ, ਸੁਣਦੇ ਹਾਂ ਚੱਲ ਕੇ !

**ਸੀਤਾ:** ਚਲੋ ! ਵਕਤ ਵੀ ਹੋ ਚੱਲਿਆ ਹੈ !

ਦੋਵੇਂ ਚਲਦੇ ਹਨ ... ਪੈੜਚਾਲ...

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ਼ -ਦੂਜਾ

**(ਕਾਲਜ ਦਾ ਹਾਲ , ਵਿਦਿਆਰਥੀਆਂ ਦੀਆਂ ਅਵਾਜਾਂ... ਵਿਦਿਆਰਥੀ ਆ ਰਹੇ ਹਨ , ਕਈ ਸੀਟਾਂ 'ਤੇ ਬੈਠੇ ਹਨ ਤੇ ਕਈ ਬੈਠ ਰਹੇ ਹਨ )**

**(ਪ੍ਰੋ. ਕਮਲਕਾਂਤ, ਹਰਸਿਮਰਨ ਸਿੰਘ ਤੇ ਅੰਮ੍ਰਿਤ ਕੁਮਾਰੀ ਦਾ ਪ੍ਰਵੇਸ, ਸਾਰੇ ਖੜ੍ਹੇ ਹੋ ਕੇ ਉਨ੍ਹਾਂ ਦਾ ਸੁਆਗਤ ਕਰਦੇ ਹਨ)**

**ਪ੍ਰੋ. ਕਮਲਕਾਂਤ:** ਸਾਰਿਆਂ ਨੂੰ ਸ਼ੁਭ ਸਵੇਰ ! ਮੈਨੂੰ ਇਹ ਕਹਿੰਦੇ ਹੋਏ ਖੁਸ਼ੀ ਹੁੰਦੀ ਹੈ ਕਿ ਅੱਜ ਸਾਡੇ ਦਰਮਿਆਨ ਮੰਨੇ ਪ੍ਰਮੰਨੇ ਨਗਰ ਯੋਜਨਾਕਾਰ ਸ੍ਰੀ ਹਰਸਿਮਰਨ ਸਿੰਘ ਜੀ ਤੇ ਹਰਮਨ ਪਿਆਰੇ ਪਰਿਆਵਰਣ ਪ੍ਰੇਮੀ ਮਿਸ ਅੰਮ੍ਰਿਤ ਕੁਮਾਰੀ ਜੀ ਮੌਜੂਦ ਨੇ। ਉਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਣ ਕਰਦੇ ਹੋਏ ਅੱਜ ਸਾਨੂੰ ਪ੍ਰਵਾਸ, ਫੈਲਦੇ ਸ਼ਹਿਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਆਵਾਸ ਤੇ ਪਰਿਆਵਰਣੀ ਸਮੱਸਿਆਵਾਂ ਬਾਰੇ ਚਰਚਾ ਕਰਨ ਦੀ

ਸਹਿਮਤੀ ਦਿੱਤੀ ਹੈ । ਮੈਂ ਉਨ੍ਹਾਂ ਦਾ ਇਸ ਕਾਲਜ ਵੱਲੋਂ, ਆਪ ਸੱਭ ਵੱਲੋਂ ਤੇ ਅਪਣੇ ਵੱਲੋਂ, ਤਹਿ ਦਿਲੋਂ ਸੁਆਗਤ ਕਰਦਾ ਹਾਂ ! ਇਸਦੇ ਨਾਲ ਹੀ ਮੈਂ ਅੱਜ ਦੀ ਗੋਸ਼ਟੀ ਦੇ ਮਾਹਰ ਵਕਤਿਆਂ ਅਤੇ ਆਪ ਸੱਭ ਦੇ ਦਰਮਿਆਨ ਖੜ੍ਹਾ ਨਹੀਂ ਰਹਿਣਾ ਚਾਹਾਂਗਾ! ਮੈਂ ਸ੍ਰੀ ਹਰਸਿਮਰਨ ਸਿੰਘ ਜੀ ਨੂੰ ਬੇਨਤੀ ਕਰਦਾ ਹਾਂ ਕਿ ਹੁਣ ਉਹ ਸਾਡੇ ਨਾਲ ਵਿਚਾਰ ਵਟਾਂਦਰਾ ਸੁਰੂ ਕਰਨ ਅਤੇ ਜਿਸ ਤਰ੍ਹਾਂ ਵੀ ਗੋਸ਼ਟੀ ਦੇ ਇਸ ਪੜਾਅ ਨੂੰ ਚਲਾਉਣਾ ਬਿਹਤਰ ਸਮਝਣ, ਚਲਾਉਣ !

**ਹਰਸਿਮਰਨ ਸਿੰਘ:** ਸੁਕਰੀਆ ਪ੍ਰੋ. ਕਮਲਕਾਂਤ ਜੀ ! ਪਿਆਰੇ ਵਿਦਿਆਰਥੀਓ , ਸਟਾਫ ਤੇ ਇਸ ਗੋਸ਼ਟੀ ਵਿੱਚ ਸ਼ਾਮਲ ਹੋਰ ਹਾਜਰੀਨ! ਅੱਜ ਇਸ ਹਕੀਕਤ ਤੋਂ ਤਾਂ ਅਸੀਂ ਸਾਰੇ ਭਲੀ ਭਾਂਤ ਜਾਣੂ ਹਾਂ ਕਿ ਸੰਸਾਰ ਵਿੱਚ ਸ਼ਹਿਰੀਕਰਨ ਲਗਾਤਾਰ ਵਧ ਰਿਹਾ ਹੈ ! ਸ਼ਹਿਰਾਂ ਵੱਲ ਨੂੰ ਹੁੰਦੇ ਪ੍ਰਵਾਸ ਕਾਰਨ ਸਾਰੀ ਦੁਨੀਆਂ ਵਿੱਚ ਸ਼ਹਿਰਾਂ ਦਾ ਫੈਲਾਓ ਹੋ ਰਿਹਾ ਹੈ ਬੜੀ ਹੀ ਤੀਬਰ ਗਤੀ ਦੇ ਨਾਲ ! ਇਸਦੇ ਨਾਲ ਹੀ ਵਪਾਰਕ ਲੋੜਾਂ, ਕਿੱਤਿਆਂ ਵਿੱਚ ਤਬਦੀਲੀਆਂ, ਵਸੋਂ ਦੇ ਸੰਘਣੇਪਨ, ਆਰਥਿਕਤਾ ਵਿੱਚ ਬਦਲਾਅ ਅਤੇ ਖੇਤੀ ਦੀ ਥਾਂ ਵਪਾਰ ਤੇ ਹੋਰ ਧੰਦੇ ਕਰਨ ਵਾਲਿਆਂ ਦੀ ਵੱਧਦੀ ਆਬਾਦੀ ਕਾਰਨ, ਕਈ ਪਿੰਡ ਜਾਂ ਛੋਟੇ ਕਸਬੇ ਵੀ ਸ਼ਹਿਰਾਂ ਵਿੱਚ ਬਦਲਦੇ ਜਾ ਰਹੇ ਹਨ !

**ਸੀਤਾ:** ਸਰ! ਕੀ ਪੰਜਾਬ ਵਿੱਚ ਸ਼ਹਿਰੀਕਰਨ ਕੁੱਝ ਜਿਆਦਾ ਹੀ ਤੇਜੀ ਨਾਲ ਨਹੀਂ ਹੋ ਰਿਹਾ ?

**ਹਰਸਿਮਰਨ ਸਿੰਘ:** ਜੇਕਰ ਅਸੀਂ ਸੰਸਾਰ ਵਿੱਚ ਸ਼ਹਿਰੀਕਰਨ ਤੇ ਪ੍ਰਵਾਸ ਦੇ ਅੰਕੜਿਆਂ ਉਪਰ ਨਾਜ਼ਰ ਮਾਰੀਏ ਤਾਂ ਪੰਜਾਬ ਵਿੱਚ ਸ਼ਹਿਰੀਕਰਨ ਦੀ ਰਫਤਾਰ ਐਨੀ ਤੇਜ ਨਹੀਂ ! ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਜੇ ਵੀ ! ਸਾਲ 2011 ਦੀ ਜਨ ਸੰਖਿਆ ਸੁਮਾਰੀ ਅਨੁਸਾਰ ਪੰਜਾਬ ਦੀ ਵਸੋਂ ਦਾ ਕਰੀਬ ਸਾਢੇ ਬਾਹਟ ਪ੍ਰਤੀਸ਼ਤ ਪਿੰਡਾਂ ਵਿੱਚ ਵੱਸਦਾ ਹੈ ! ਪੰਜਾਬ ਦੀ ਕੁੱਲ ਜਨ ਸੰਖਿਆ ਹੈ 2.77 ਕਰੋੜ ਤੇ ਇਸ ਵਿੱਚ ਕਰੀਬ 1.73 ਕਰੋੜ ਲੋਕ ਅਜੇ ਵੀ ਪਿੰਡਾਂ ਵਿੱਚ ਰਹਿੰਦੇ ਨੇ । ਕੁੱਲ ਕਾਮਿਆਂ ਦਾ 36% ਸਿੱਧੇ ਖੇਤੀ ਵਿੱਚ ਲੱਗੇ ਨੇ ! ਹੋਰ ਖੇਤੀ ਆਧਾਰਤ ਤੇ ਖੇਤੀ ਨਾਲ ਸਹਾਇਕ ਧੰਦੇ ਰਲਾ ਕੇ ਅਧਿਓਂ ਵੱਧ ਕਾਮੇ ਖੇਤੀ ਨਾਲ ਜੁੜੇ ਹਨ !

**ਗੁਰਿੰਦਰ:** ਤਾਂ ਸਰ , ਸੰਸਾਰ ਵਿੱਚ ਸ਼ਹਿਰੀਕਰਨ ਦੀ ਦਰ ਤੇਜ ਕਿੱਥੇ ਹੈ ?

**ਹਰਸਿਮਰਨ ਸਿੰਘ:** ਬੇਸ਼ੱਕ ਕਿਸੇ ਆਬਾਦੀ ਨੂੰ ਸ਼ਹਿਰੀ ਕਹਿਣ ਦੇ ਮਾਪ ਦੰਡ ਵੱਖਰੇ-ਵੱਖਰੇ ਹੋਣ ਕਾਰਨ ਅਤੇ ਹਰ ਦੇਸ ਦੀ ਸ਼ਹਿਰੀ ਦੀ ਪ੍ਰੀਭਾਸ਼ਾ ਵੱਖ-ਵੱਖ ਹੋਣ ਕਾਰਨ ਸਹੀ ਅੰਦਾਜ਼ੇ ਮੁਸ਼ਕਲ ਹਨ ਪਰ ਫਿਰ ਵੀ ਸਾਰੇ ਕਾਰਕਾਂ ਨੂੰ ਗਣਨਾ ਵਿੱਚ ਲੈਕੇ ਅੰਦਾਜ਼ਾ ਹੈ ਕਿ ਸੰਸਾਰ ਵਿੱਚ ਜਿੰਨੇ ਚਿਰ ਵਿੱਚ ਆਬਾਦੀ ਦੋ-ਗੁਣਾ ਹੁੰਦੀ ਹੈ ਤਾਂ ਉਸੇ ਵਕਤ ਦੌਰਾਨ ਸ਼ਹਿਰੀ ਅਬਾਦੀ ਤਿੰਨ-ਗੁਣਾ ਹੋ ਰਹੀ ਹੈ! ਇਸ ਵਕਤ ਦੁਨੀਆਂ ਦੀ ਅੱਧਿਓਂ ਵੱਧ ਆਬਾਦੀ ਸਹਿਰਾਂ ਦੀ ਵਸਨੀਕ ਹੈ ਤੇ ਸਾਲ 2030 ਤੱਕ ਕੁੱਲ ਅਬਾਦੀ ਦਾ 61% ਸ਼ਹਿਰਾਂ ਵਿੱਚ ਹੋਵੇਗਾ ਜੋ ਕਿ 1950 ਵਿੱਚ ਕੇਵਲ 29% ਸੀ ! ਸੰਯੁਕਤ ਰਾਸਟਰ ਸੰਘ ਦੇ 2004 ਦੇ ਅੰਕੜੇ ਦਸਦੇ ਹਨ ਕਿ ਸੰਸਾਰ ਦੇ ਚਾਰ ਮਹਾਂਦੀਪਾਂ ਯੂਰਪ, ਦਖਣੀ ਅਮਰੀਕਾ, ਉਤਰੀ ਅਮਰੀਕਾ ਤੇ ਆਸਟਰੇਲੀਆ ਵਿੱਚ ਸ਼ਹਿਰੀ ਆਬਾਦੀ ਸੀ 73 ਤੋਂ 76% ਜਦ ਕਿ ਉਸ ਵਕਤ ਏਸ਼ੀਆ ਤੇ ਅਫਰੀਕਾ ਵਿੱਚ ਸ਼ਹਿਰੀ ਆਬਾਦੀ 37% ਸੀ।

**ਦਰਸ਼ਨ ਸਿੰਘ:** ਸਰ! ਸ਼ਹਿਰੀਕਰਨ ਦੇ ਇਤਿਹਾਸ ‘ਤੇ ਵੀ ਪਾਓਗੇ ਕੁੱਝ ਚਾਨਣਾ ?

**ਹਰਸਿਮਰਨ ਸਿੰਘ:** ਕਿਉਂ ਨਹੀਂ ? ਤੁਸੀਂ ਹੈਰਾਨ ਹੋਵੋਗੇ ਇਹ ਸੱਚ ਜਾਣਕੇ ਕਿ ਸੰਸਾਰ ਵਿੱਚ ਅਠਾਰਵੀਂ ਸਦੀ ਦੇ ਅੰਤ ਵਿੱਚ ਯਾਣੀ ਸਾਲ 1800 ਵਿੱਚ ਸ਼ਹਿਰੀ ਆਬਾਦੀ ਕੇਵਲ 2% ਸੀ !

**ਗੁਰਿੰਦਰ:** ਤੇ ਸਰ ਹੁਣ ਤਾਂ ਪਿਛਲੇ 200 ਸਾਲ ਵਿੱਚ ਸ਼ਹਿਰੀ ਆਬਾਦੀ ਦਾ ਐਨਾ ਵਾਧਾ ਹੋਇਆ ਹੈ ਕਿ ਸ਼ਹਿਰ ਫੈਲਦੇ ਹੀ ਗਏ ਨੇ ਤੇ ਬਹੁਤ ਸਾਰੇ ਬਣ ਗਏ ਬਹੁਤ ਹੀ ਵੱਡੇ ਵੱਡੇ ਭਾਵ ਮਹਾ-ਨਗਰ!

**ਹਰਸਿਮਰਨ ਸਿੰਘ:** ਹਾਂ ! ਹੁਣ ਤਾਂ ਮਹਾ-ਨਗਰਾਂ ਦੀ ਗਿਣਤੀ ਵੀ ਤੇਜੀ ਨਾਲ ਵਧ ਰਹੀ ਹੈ ! ਮਹਾ-ਨਗਰ ਉਸ ਸ਼ਹਿਰ ਨੂੰ ਕਹਿੰਦੇ ਨੇ ਜਿਥੋਂ ਦੀ ਆਬਾਦੀ ਇੱਕ ਕਰੋੜ ਤੋਂ ਵੱਧ ਹੋਵੇ! ਸੰਸਾਰ ਵਿੱਚ ਇਸ ਵਕਤ 47 ਮਹਾ-ਨਗਰ ਨੇ ਜਿਨ੍ਹਾਂ ਵਿੱਚ ਹੈ ਕਰੀਬ 80 ਕਰੋੜ ਆਬਾਦੀ । ਇਨ੍ਹਾਂ ਵਿੱਚੋਂ ਇਕੱਲੇ ਏਸ਼ੀਆ ਵਿੱਚ ਹੀ ਨੇ 32 ਜਦ ਕਿ ਯੂਰਪ ਵਿੱਚ ਚਾਰ ਤੇ ਅਮਰੀਕਾ (ਉਤਰੀ) ਵਿੱਚ ਨੇ 3, ਟੋਕੀਓ ਸੱਭ ਤੋਂ ਵੱਡਾ ਹੈ 3,81,40,000 ਦੀ ਆਬਾਦੀ ਵਾਲਾ ਜਦ ਕਿ ਸੱਭ ਤੋਂ ਛੋਟਾ ਵੀ ਜਪਾਨ ਦਾ ਹੀ ਹੈ ਨਗੋਆ ਕਰੀਬ 1.01 ਕਰੋੜ ਦੀ ਆਬਾਦੀ ਦੇ ਨਾਲ! ਸੰਸਾਰ ਦਾ ਦੂਜਾ ਮਹਾ-ਨਗਰ ਹੈ ਚੀਨ ਦਾ ਸ਼ੰਘਾਈ, ਤੀਜਾ ਇੰਡੋਨੇਸ਼ੀਆ ਦਾ ਜਕਾਰਤਾ ਤੇ ਚੌਥਾ ਹੈ ਭਾਰਤ ਦਾ ਦਿੱਲੀ ! ਦਿੱਲੀ ਦੀ ਆਬਾਦੀ ਹੈ 2.72 ਕਰੋੜ! ਇਨ੍ਹਾਂ 47 ਮਹਾਂ ਨਗਰਾਂ ਵਿੱਚ ਨਿਊਯਾਰਕ, ਲਾਓਸ ਏਂਜਲਜ਼, ਪੈਰਿਸ, ਲੰਦਨ ਤੇ ਮਾਸਕੋ ਵੀ ਸ਼ਾਮਲ ਨੇ! ਭਾਰਤ ਵਿੱਚਲੇ ਮਹਾ-ਨਗਰਾਂ ਵਿੱਚ ਕਲਕੱਤਾ, ਮੁੰਬਈ, ਬੰਗਲੂਰੂ, ਚਿਨਈ ਤੇ ਹੈਦਰਾਬਾਦ ਵੀ ਸ਼ਾਮਲ ਨੇ! ਲਹੌਰ, ਕਰਾਚੀ ਤੇ ਢਾਕਾ ਵੀ ਨੇ ਮਹਾ-ਨਗਰ!

**ਸੀਤਾ:** ਪਰ ਸਰ, ਪਹਿਲਾਂ ਸ਼ਹਿਰਾਂ ਵਿੱਚ ਅਬਾਦੀ ਐਨੀ ਘੱਟ ਕਿਉਂ ਸੀ?

**ਹਰਸਿਮਰਨ ਸਿੰਘ:** ਸ਼ਾਇਦ ਆਪ ਨੂੰ ਮੇਰਾ ਇਹ ਤੱਥ ਅਜੀਬ ਲੱਗੇ ਕਿ ਉਨੀਂਵੀਂ ਸਦੀ ਦੀ ਸੁਰੂਆਤ ਤੱਕ ਸ਼ਹਿਰਾਂ ਨੂੰ ਗੰਦੇ, ਬਿਮਾਰੀਆਂ ਦਾ ਵਿਸ਼ੇਸ਼ ਕਰਕੇ ਲਾਗ ਦੀਆਂ ਬਿਮਾਰੀਆਂ ਦਾ ਘਰ ਕਿਹਾ ਜਾਂਦਾ ਸੀ ਤੇ ਸ਼ਹਿਰਾਂ ਵਿੱਚ ਦਿਹਾਤ ਦੇ ਮੁਕਾਬਲੇ ਮੌਤ ਦਰ ਜਿਆਦਾ ਹੁੰਦੀ ਸੀ !

**ਦਰਸ਼ਨ ਸਿੰਘ:** ਅੱਛਾ ਸਰ ! ਅਸੀਂ ਤਾਂ ਇਹੀ ਸਮਝਦੇ ਰਹੇ ਹਾਂ ਕਿ ਸ਼ਹਿਰ ਬੜੇ ਸਾਫ ਸੁਥਰੇ ਹੁੰਦੇ ਨੇ ਤੇ ਪਿੰਡਾਂ ਵਿੱਚ ਪਿਆ ਹੁੰਦਾ ਹੈ ਗੰਦ-ਮੰਦ ਜਿਸ ਕਰਕੇ ਪਿੰਡ ਹੁੰਦੇ ਨੇ ਬਿਮਾਰੀ ਦਾ ਘਰ !

**ਹਰਸਿਮਰਨ ਸਿੰਘ:** ਆਹੋ ! ਬਹੁਤੇ ਲੋਕ ਇਹੀ ਸਮਝਦੇ ਨੇ ਕਿ ਸ਼ਹਿਰ ਬਹੁਤ ਸਾਫ ਹੁੰਦੇ ਨੇ ! ਤੀਜੀ ਦੁਨੀਆਂ ਦੇ ਮਹਾ ਨਗਰਾਂ ਵਿੱਚ ਤਾਂ 37% ਅਬਾਦੀ ਹੁਣ ਵੀ ਗੰਦੀਆਂ ਬਸਤੀਆਂ ਵਿੱਚ ਹੀ ਗੁਜਰ ਬਸਰ ਕਰਨ ਵਾਸਤੇ ਮਜਬੂਰ ਹੈ! ਵੈਸੇ ਵੀ ਸ਼ਹਿਰੀ ਗੰਦ-ਮੰਦ ਤੇ ਕੂੜ ਕਬਾੜ ਦੇ ਯੋਗ ਨਿਪਟਾਰੇ ਦਾ ਪ੍ਰਬੰਧ ਬਹੁਤ ਹੀ ਘੱਟ ਹੈ! ਸਹਿਰੀ ਸੀਵੇਜ ਦਾ ਨਿਪਟਾਰਾ ਵੀ ਇੱਕ ਸਮੱਸਿਆ ਹੈ !

**ਸੀਤਾ:** ਸਰ, ਇਨ੍ਹਾਂ ਸ਼ਹਿਰੀ ਬਸਤੀਆਂ ਦੀ ਕੀ ਹੈ ਦਸ਼ਾ ?

**ਹਰਸਿਮਰਨ ਸਿੰਘ:** ਦਰਅਸਲ ਵਧਦੇ ਜਾਂਦੇ ਮਹਾ-ਨਗਰ ਪਰਿਆਵਰਣ ਵਾਸਤੇ ਵੀ ਬਣ ਰਹੇ ਨੇ ਸਮੱਸਿਆ ! ਸਾਲ 1975 ਤੱਕ ਦੇ 4 ਤੋਂ ਵੱਧ ਕੇ 2000 ਤੱਕ 18 ਤੇ ਹੁਣ 47 ਹੋ ਗਏ ਨੇ ! ਅੰਦਰੂਨੀ ਤੇ ਬਾਹਰੀ ਪ੍ਰਵਾਸ ਕਾਰਨ ਬਸਤੀਆਂ ਦੀ ਆਬਾਦੀ ਵਧਦੀ ਜਾ ਰਹੀ ਹੈ ! ਆਲੇ ਦੁਆਲੇ ਦੇ ਪਿੰਡਾਂ ਤੋਂ ਆਉਂਦੇ ਲੋਕ ਕਾਨੂੰਨੀ ਤੇ ਗੈਰ-ਕਾਨੂੰਨੀ ਬਸਤੀਆਂ ਵਿੱਚ ਵਸ ਜਾਂਦੇ ਨੇ! ਇੱਥੇ ਆਵਸ ਦੀ ਤੇ ਸਾਫ ਸਫਾਈ ਦੀ ਬਹੁਤ ਵੱਡੀ ਘਾਟ ਹੁੰਦੀ ਹੈ ! ਇਨ੍ਹਾਂ ਦੀ ਸਿਖਿਆ, ਸਿਹਤ ਅਤੇ ਸ਼ਹਿਰੀ ਅਰਥਚਾਰੇ ਤੱਕ ਪਹੁੰਚ ਨਾ-ਮਾਤਰ ਹੀ ਹੁੰਦੀ ਹੈ ! ਤੇਜੀ ਨਾਲ ਵੱਧ ਰਿਹਾ ਪ੍ਰਵਾਸ ਜੋ ਇਤਿਹਾਸ ਵਿੱਚ ਪਹਿਲਾਂ ਕਦੀ ਨਜ਼ਰ ਨਹੀਂ ਆਇਆ, ਸਿਆਸੀ, ਸਮਾਜਕ ਤੇ ਆਰਥਕ ਖੇਤਰ ਵਿੱਚ ਸਮੱਸਿਆ ਬਣ ਰਿਹਾ ਹੈ !

**ਗੁਰਿੰਦਰ:** ਸਰ, ਇਸ ਐਨੀ ਤੇਜੀ ਨਾਲ ਵਧਦੀ ਤੇ ਸੰਘਣੀ ਹੁੰਦੀ ਆਬਾਦੀ ਵਿੱਚ ਤਾਂ ਆਵਾਸ ਦੀ ਸਮੱਸਿਆ ਵੀ ਹੁੰਦੀ ਹੋਵੇਗੀ ?

**ਹਰਸਿਮਰਨ ਸਿੰਘ:** ਹਾਂ ਹੈ ! ਮਹਾ-ਨਗਰਾਂ ਵਿੱਚ ਬਹੁਤ ਸਾਰੇ ਲੋਕ ਬੇਘਰੇ ਹਨ ! ਹਰ ਮੁਲਕ ਵਿੱਚ ਬੇਘਰਿਆਂ ਦੀ ਵੀ ਵੱਖ ਵੱਖ ਪਰਿਭਾਸ਼ਾ ਹੈ! ਸਾਲ 2002 ਵਿੱਚ ਕੀਤੇ ਸਰਵੇਖਣ ਅਨੁਸਾਰ ਅਮਰੀਕਾ ਵਿੱਚ ਬੇਘਰੇ ਬੱਚੇ ਤੇ ਪਰਿਵਾਰ ਵੱਡੀ ਸਮੱਸਿਆ ਬਣ ਕੇ ਉਭਰੇ! ਉਨ੍ਹਾਂ ਨੇ ਆਵਾਸ ਪਹਿਲਾਂ ਦੇ ਨਾਮ ਦੀ ਯੋਜਨਾ ਸੁਰੂ ਕੀਤੀ ਹੈ ਤਾ ਕਿ ਘਰ ਦੇਣ ਤੋਂ ਬਾਅਦ ਬਾਕੀ ਸੇਵਾਵਾਂ ਦੀ ਉਪਲਬਧਤਾ ਸਹਿਲ ਹੋ ਜਾਵੇ ! ਇਹ ਨੀਤੀ ਕਿਹੜਾ ਸੌਖੀ ਹੈ ?

**ਦਰਸ਼ਨ ਸਿੰਘ:** ਸਰ , ਇਨ੍ਹਾਂ ਮਹਾਂ ਨਗਰਾਂ ਵਿੱਚ ਤਾਂ ਆਵਾਜਾਈ ਦੀ ਵੀ ਸਮੱਸਿਆ ਬਹੁਤ ਹੁੰਦੀ ਹੋਵੇਗੀ ?

**ਹਰਸਿਮਰਨ ਸਿੰਘ:** ਹਾਂ ! ਦਿੱਲੀ ਵਿੱਚ ਤਾਂ ਘੰਟਿਆਂ ਬੱਧੀ ਜਾਮ ਤੁਸੀਂ ਵੇਖੇ ਹੀ ਹੋਣਗੇ ਪਰ ਅਮਰੀਕਾ ਵਰਗੇ ਮੁਲਕ ਵਿੱਚ ਵੀ ਜਾਮ ਕਾਰਨ 2160 ਕਰੋੜ ਲੀਟਰ ਈਂਧਨ ਫਾਲਤੂ ਬਲ ਜਾਂਦਾ ਹੈ, 6750 ਕਰੋੜ ਡਾਲਰ ਦਾ ਘਾਟਾ ਪੈਂਦਾ ਹੈ ਕੁੱਲ ਘਰੇਲੂ ਉਤਪਾਦਨ ਵਿੱਚ ! ਵਿਅਕਤੀਗਤ ਤੌਰ ਤੇ ਡਰਾਇਵਰਾਂ ਨੂੰ ਵੀ ਹੁੰਦਾ ਹੈ ਨੁਕਸਾਨ! ਲਗਾ ਲਓ ਹਿਸਾਬ ਕਿ ਐਨਾ ਜਿਆਦਾ ਫਾਲਤੂ ਬਾਲਿਆ ਪਥਰਾਹਟੀ ਬਾਲਣ ਕਿੰਨਾ ਕਰਦਾ ਹੈ ਪ੍ਰਦੂਸ਼ਣ ਤੇ ਕਿੰਨੀ ਹੋ ਰਹੀ ਹੈ ਬੇਲੋੜੀ ਬਰਬਾਦੀ ਕੁਦਰਤੀ ਸ੍ਰੋਤਾਂ ਦੀ ? ਕਿੰਨੀ ਵੱਡੀ ਲੱਗਦੀ ਹੈ ਢਾਹ ਟਿਕਾਊ ਵਿਕਾਸ ਨੂੰ ?

**ਗੁਰਿੰਦਰ:** ਸਰ, ਆਬਾਦੀ ਦੀ ਘਣਤਾ ਤਾਂ ਇਨ੍ਹਾਂ ਮਹਾ-ਨਗਰਾਂ ਵਿੱਚ ਘਟਾਈ ਜਾ ਸਕਦੀ ਹੈ , ਆਲੇ ਦੁਆਲੇ ਖੁਲ੍ਹੇ ਸਥਾਨਾਂ ਵੱਲ ਪਸਾਰਾ ਕਰਕੇ !

**ਹਰਸਿਮਰਨ ਸਿੰਘ:** ਹਾਂ, ਹੋ ਸਕਦਾ ਹੈ ਇੰਝ! ਚੰਡੀਗੜ੍ਹ ਦੇ ਦੁਆਲੇ ਅਜਿਹਾ ਵਿਸਤਾਰ ਦਿਸਦਾ ਹੈ, ਮੁਲਾਂਪੁਰ, ਕੁਰਾਲੀ, ਘੜੂੰਆਂ, ਲਾਂਡਰਾਂ, ਡੇਰਾਬਸੀ, ਜੀਰਕਪੁਰ ਤੇ ਪੰਜੌਰ ਤੱਕ ਵਿਸਤਾਰ ਨੇ ਮੱਲ ਲਈ ਹੈ ਖੇਤੀ ਯੋਗ ਭੂਮੀ ਕੋਈ ਬਹੁਤਾ ਪੱਕਾ ਰੁਜਗਾਰ ਵੀ ਨਹੀਂ ਹੋਇਆ ਪੈਦਾ! ਇਸੇ ਤਰ੍ਹਾਂ ਅਮਰੀਕਾ ਵਿੱਚ ਲਾਸ ਏਂਜ਼ਲਜ਼ ਦੇ ਅਰਬਨ ਸਪਰਾਅਲ (ਸ਼ਹਿਰ ਦਾ ਵਿਸਤਾਰ) ਬਾਬਤ ਚਰਚਾ ਹੈ ਕਿ ਇਸ ਕਾਰਨ ਕਾਰਾਂ ਤੋਂ ਬਿਨਾ ਨਹੀਂ ਸਰਦਾ, ਕੰਮ ਤੇ ਜਾਣ ਲਈ ਜਿਆਦਾ ਫਾਸਲਾ ਤਹਿ ਕਰਨਾ ਪੈਂਦਾ ਹੈ , ਇਨ੍ਹਾਂ ਵਿੱਚ ਸਿਹਤ, ਸਿਖਿਆ ਤੇ ਸਭਿਆਚਾਰਕ ਲੋੜਾਂ ਦੀ ਪੂਰਤੀ ਦੀ ਘਾਟ ਦੇ ਨਾਲ-ਨਾਲ ਆਧਾਰ ਭੂਤ ਢਾਂਚੇ ਦਾ ਪ੍ਰਤੀ ਵਿਅਕਤੀ ਖਰਚਾ ਬਹੁਤ ਜਿਆਦਾ ਆਉਂਦਾ ਹੈ ! ਕਈ ਅਮੀਰ ਉਥੇ ਆ ਜਾਂਦੇ ਨੇ, ਜਿਸ ਨਾਲ ਆਮ ਲੋਕਾਂ ਵਾਸਤੇ ਕਿਰਾਏ ਆਦਿ ਤੇ ਹੋਰ ਸੇਵਾਵਾਂ ਮਹਿੰਗੀਆਂ ਹੋ ਜਾਂਦੀਆਂ ਨੇ! ਹੁੰਦੀ ਹੈ ਸ੍ਰੋਤਾਂ ਦੀ ਬਰਬਾਦੀ!

**ਪ੍ਰੋ. ਕਮਲਕਾਂਤ:** ਅੱਜ ਮਹਾਂ ਨਗਰਾਂ ਬਾਬਤ, ਪ੍ਰਵਾਸ ਬਾਬਤ, ਵੱਧਦੇ ਸ਼ਹਿਰੀਕਰਨ ਬਾਬਤ, ਸਾਡੇ ਨਾਲ ਚਰਚਾ ਕਰਕੇ ਸ੍ਰੀ ਹਰਸਿਮਰਨ ਸਿੰਘ ਜੀ ਨੇ ਸਾਡੇ ਸਾਰਿਆਂ ਦੇ ਗਿਆਨ ਵਿੱਚ ਅਥਾਹ ਵਾਧਾ ਕੀਤਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਸਾਡੇ ਨੌਜੁਆਨ ਵਿਦਿਆਰਥੀ ਤੇ ਵਿਦਿਆਰਥਣਾਂ ਨੇ ਇਸ ਚਰਚਾ ਵਿੱਚੋਂ ਸਿੱਖ ਕੇ ਕੁੱਝ ਕਰਨ ਦਾ ਮਨ ਵੀ ਬਣਾ ਲਿਆ ਹੋਵੇਗਾ । ਹੁਣ ਅਸੀਂ ਇਸ ਸੈਸਨ ਨੂੰ ਇੱਥੇ ਹੀ ਵਿਰਾਮ ਦਿੰਦੇ ਹਾਂ ਤੇ ਚਾਹ ਪਾਣੀ ਵਾਸਤੇ 15 ਮਿੰਟ ਦੀ ਬ੍ਰੇਕ ਕਰਦੇ ਹਾਂ ! ਇਸ ਉਪਰੰਤ ਅਗਲੇ ਸੈਸ਼ਨ ਵਿੱਚ ਮਿਸ ਅੰਮ੍ਰਿਤ ਕੁਮਾਰੀ ਜੀ ਇਸ ਚਰਚਾ ਨੂੰ ਅੱਗੇ ਤੋਰਨਗੇ !

ਬ੍ਰੇਕ ਦੌਰਾਨ ਸਾਰੇ ਚਾਹ ਲਈ ਬਾਹਰ ਜਾਂਦੇ ਨੇ, ਆਪਸ ਵਿੱਚ ਗੱਲਾਂ ਕਰਦੇ ਨੇ ..........................!

(ਦ੍ਰਿਸ਼ ਪਰਿਵਰਤਨ ਦਾ ਸੰਗੀਤ)

ਦ੍ਰਿਸ਼ –ਤੀਜਾ

(ਕਾਲਜ ਦਾ ਹਾਲ , ਵਿਦਿਆਰਥੀ ਆਕੇ ਸੀਟਾਂ ਤੇ ਬੈਠੇ ਰਹੇ ਹਨ )

(ਪ੍ਰੋ. ਕਮਲਕਾਂਤ, ਹਰਸਿਮਰਨ ਸਿੰਘ ਤੇ ਅੰਮ੍ਰਿਤ ਕੁਮਾਰੀ ਦਾ ਪ੍ਰਵੇਸ, ਸਾਰੇ ਖੜ੍ਹੇ ਹੋ ਕੇ ਉਨ੍ਹਾਂ ਦਾ ਸੁਆਗਤ ਕਰਦੇ ਹਨ)

**ਪ੍ਰੋ. ਕਮਲਕਾਂਤ:** ਸਾਰਿਆਂ ਨੂੰ ਇਸ ਸੈਸ਼ਨ ਵਿੱਚ ਜੀ ਆਇਆਂ ਕਹਿੰਦਾ ਹੋਇਆ ਮੈਂ ਮਿਸ ਅੰਮ੍ਰਿਤ ਕੁਮਾਰੀ ਨੂੰ ਚਰਚਾ ਸੁਰੂ ਕਰਨ ਵਾਸਤੇ ਸੱਦਾ ਦਿੰਦਾ ਹੈ !

**ਅੰਮ੍ਰਿਤ ਕੁਮਾਰੀ:** ਸਾਰਿਆਂ ਨੂੰ ਮੇਰਾ ਨਮਸਕਾਰ ! ਸ੍ਰੀ ਹਰਸਿਮਰਨ ਸਿੰਘ ਜੀ ਨਾਲ ਮਹਾਂ ਨਗਰਾਂ ‘ਤੇ, ਪ੍ਰਵਾਸ ‘ਤੇ, ਸ਼ਹਿਰੀਕਰਨ ‘ਤੇ ਅਤੇ ਫੈਲਦੇ ਸ਼ਹਿਰਾਂ ਉਪਰ ਬਹੁਤ ਹੀ ਵਧੀਆ ਚਰਚਾ ਹੋਈ ਹੈ ! ਹੁਣ ਇਸ ਚਰਚਾ ਨੂੰ ਅੱਗੇ ਤੋਰਦੇ ਹੋਏ ਅਸੀਂ ਕਰਾਂਗੇ ਵਿਚਾਰ ਵਟਾਂਦਰਾ ਸ਼ਹਿਰੀਕਰਨ ਦੇ ਇਸ ਵਰਤਾਰੇ ਦੇ ਪ੍ਰਭਾਵਾਂ ਬਾਬਤ, ਪੈਂਦੇ ਨੇ ਜੋ ਸਾਡੇ ਪਰਿਆਵਰਣ ‘ਤੇ, ਸ੍ਰੋਤਾਂ ‘ਤੇ ਅਤੇ ਕਰਦੇ ਨੇ ਪ੍ਰਭਾਵਤ ਜੋ ਟਿਕਾਊ ਵਿਕਾਸ ਨੂੰ ! ਮੈਂ ਹਰਸਿਮਰਨ ਸਿੰਘ ਜੀ ਵੱਲੋਂ ਛੋਹੀ ਗੱਲ ਨੂੰ ਅੱਗੇ ਲਿਜਾਂਦੇ ਹੋਏ ਆਪ ਸੱਭ ਦਾ ਧਿਆਨ ਸ਼ਹਿਰਾਂ ਵਿੱਚ ਪੈਦਾ ਹੋ ਰਹੇ ਕੂੜੇ ਕਰਕਟ ਦੇ ਵੱਡੇ-ਵੱਡੇ ਅੰਬਾਰਾਂ ਵੱਲ ਤੇ ਉਸ ਦੇ ਸਹੀ ਨਿਪਟਾਰੇ ਵੱਲ ਖਿੱਚਣਾ ਚਾਹਾਂਗੀ ! ਕੂੜਾ ਕਰਕਟ ਸ਼ਹਿਰੀਕਰਨ ਦੀ ਵਿਸ਼ੇਸ਼ ਕਰਕੇ ਮਹਾਨਗਰਾਂ ਦੀ ਇੱਕ ਬਹੁਤ ਹੀ ਗੰਭੀਰ ਸਮੱਸਿਆ ਹੈ , ਹੁਣ ਤਾਂ ਇਸਨੂੰ ਧਰਤੀ ਤੇ ਥਾਂ ਵੀ ਨਹੀਂ ਮਿਲਦੀ, ਕਈ ਮੁਲਕ ਤਾਂ ਇਸਨੂੰ ਸਮੁੰਦਰ ਵਿੱਚ ਵੀ ਸੁੱਟ ਰਹੇ ਨੇ ਜਿਸ ਨਾਲ ਵਿਗੜ ਰਿਹਾ ਹੈ ਸਾਗਰਾਂ ਦਾ ਪਰਿਆਵਰਣੀ ਤੰਤਰ, ਮਰ ਰਹੇ ਨੇ ਜਲੀ ਜੀਵ ! ਗ੍ਰੇਟ ਪੈਸਿਫਿਕ ਗਾਰਬੇਜ ਪੈਚ ਯਾਣੀ ਪ੍ਰਸ਼ਾਂਤ ਮਹਾਸਾਗਰ ਦਾ ਕੂੜੇ ਦਾ ਵੱਡਾ ਢੇਰ ਇਸਦੀ ਇੱਕ ਉਦਹਾਰਣ ਹੈ! ਆਹ ਪਿਛਲੇ ਸਾਲ ਦੀ ਹੀ ਗੱਲ ਹੈ ਕਿ ਜਰਨੈਲੀ ਸੜਕ ਦੇ ਨੇੜੇ ਹੀ ਦਿੱਲੀ ਨਿਗਮ ਵੱਲੋਂ ਲਗਾਏ ਕੂੜੇ ਦੇ ਵੱਡੇ ਸਾਰੇ ਢੇਰ ਨੂੰ ਲੱਗ ਗਈ ਸੀ ਅੱਗ!

**ਸੀਤਾ:** ਹਾਂ! ਸਾਗਰਾਂ ਵਿੱਚ ਸੁੱਟੇ ਕੂੜੇ ਨੇ ਤਾਂ ਬਹੁਤ ਹੀ ਕੀਤਾ ਹੈ ਨੁਕਸਾਨ ਜਲੀ ਜੀਵਾਂ ਦਾ, ਤੇ ਹਿਲਾ ਦਿੱਤੀ ਹੈ ਸਮੁੰਦਰੀ ਪਰਿਆਵਰਣੀ ਪ੍ਰਣਾਲੀ ਹੀ !

**ਪ੍ਰੋ. ਕਮਲਕਾਂਤ:** ਹਾਂ ਜੀ ! ਆਹ ਚੰਡੀਗੜ੍ਹ ਵਰਗੇ ਪੰਜ ਕੁ ਲੱਖ ਦੀ ਆਬਾਦੀ ਵਾਲੇ ਖੂਬਸੂਰਤ ਸ਼ਹਿਰ ਦੀ ਵੀ ਕੂੜੇ ਦੇ ਨਿਪਟਾਰੇ ਦੀ ਸਮੱਸਿਆ, ਬਣਦੀ ਰਹੀ ਹੈ ਅਖਬਾਰਾਂ ਦੀਆਂ ਸੁਰਖੀਆਂ ਦਾ ਸਿੰਗਾਰ! ਹਰ ਰੋਜ ਪੈਦਾ ਹੋਣ ਵਾਲੇ ਕਰੀਬ 68 ਟਨ ਕੂੜੇ ਵਿੱਚੋਂ ਨਿਪਟਾਰਾ ਹੁੰਦਾ ਸੀ ਕੇਵਲ 14-15 ਟਨ ਦਾ, ਡੱਡੂ ਮਾਜਰਾ ਕਲੋਨੀ ਦੇ ਲੋਕਾਂ ਦਾ ਜੀਣਾ ਹੋ ਰਿਹਾ ਸੀ ਦੁੱਭਰ! ਪੰਜਾਬ ਦੇ ਨਵਾਂ ਗਰਾਓ ਕੋਲ, ਗੈਰ ਕਾਨੂੰਨੀ ਢੰਗ ਨਾਲ ਕੂੜੇ ਦੇ ਢੇਰ ਲਗਾ ਦਿੱਤੇ ਗਏ ਸਨ , ਕਿਉਂਜੋ ਕੋਈ ਥਾਂ ਨਹੀਂ ਸੀ ਨਿਰਧਾਰਤ !

**ਅੰਮ੍ਰਿਤ ਕੁਮਾਰੀ:** ਇਸਦੇ ਇਲਾਵਾ ਸ਼ਹਿਰੀਕਰਨ ਨਾਲ ਹਵਾ ਪ੍ਰਦੂਸ਼ਣ ਵੀ ਬਹੁਤ ਵਧ ਜਾਂਦਾ ਹੈ ।ਵਾਹਣਾਂ ਤੇ ਫੈਕਟਰੀਆਂ ਦੇ ਧੂੰਏਂ ਦੇ ਕਣ ਵਾਯੂਮੰਡਲ ਵਿੱਚ ਸੂਰਜ ਦੀ ਰੋਸ਼ਨੀ ਨਾਲ ਕਿਰਿਆ ਕਰਕੇ ਹਾਨੀਕਾਰਕ ਪ੍ਰਦੂਸ਼ਕ ਪੈਦਾ ਕਰਦੇ ਹਨ ! ਇਹ ਪ੍ਰਦੂਸ਼ਕ ਬਾਕੀ ਨਿੱਕਲੇ ਮੂਲ ਕਣਾਂ ਨਾਲ ਮਿਲ ਕੇ ਫੋਟੋਕੈਮੀਕਲ ਸਮੋਗ ਪੈਦਾ ਕਰਦੇ ਹਨ ।ਵਾਹਣਾਂ ਦੀ ਬੇਵਹਾ ਵਧੀ ਗਿਣਤੀ ਕਾਰਨ ਦਿੱਲੀ ਵਿੱਚ, ਸਾਲ ਦਰ ਸਾਲ ਸਮੌਗ ਬਹੁਤ ਹੀ ਜਿਆਦਾ ਵਧ ਰਹੀ ਹੈ । ਕੋਲਾ ਬਾਲਣ ਕਰਕੇ ਵੀ ਸਮੌਗ ਪੈਦਾ ਹੁੰਦੀ ਹੈ । ਕੋਲਾ ਅਧਾਰਤ ਤਾਪ ਬਿਜਲੀ ਘਰਾਂ ਵਿੱਚੋਂ ਨਿੱਕਲੇ ਕੋਲੇ ਦੇ ਕਣ ਵੱਡੇ ਪ੍ਰਦੂਸ਼ਕ ਨੇ, ਚੀਨ ਦੀ 68.7% ਤੇ ਅਮਰੀਕਾ ਦੀ 65% ਬਿਜਲੀ ਕੋਲਾ

ਜਾ ਹੋਰ ਪਥਰਾਹਟੀ ਬਾਲਣਾਂ ਨਾਲ ਚਲਦੇ ਤਾਪ ਬਿਜਲੀ ਘਰਾਂ ਤੋਂ ਮਿਲਦੀ ਹੈ ।ਸੰਸਾਰ ਭਰ ਦੀ ਕੋਲੇ ਦੀ ਕੁੱਲ ਖਪਤ ਦਾ 14% ਹਿੱਸਾ ਤਾਂ ਇੱਕਲਾ ਅਮਰੀਕਾ ਹੀ ਵਰਤਦਾ ਹੈ ! ਚੀਨ ਦੀ ਸ਼ਹਿਰੀ ਆਬਾਦੀ ਵੱਲੋਂ ਪ੍ਰਤੀ ਜੀਅ ਕੋਲੇ ਦੀ ਖਪਤ, ਪਿੰਡਾਂ ਦੇ ਮੁਕਾਬਲੇ ਤਿੰਨ-ਗੁਣਾ ਹੈ !

**ਗੁਰਿੰਦਰ**: ਮੈਡਮ, ਇਸ ਸਮੌਗ ਦਾ ਪ੍ਰਭਾਵ ਤਾਂ ਸਾਡੀ ਸਿਹਤ ਤੇ ਵੀ ਪੈਂਦਾ ਹੋਵੇਗਾ ?

**ਅੰਮ੍ਰਿਤ ਕੁਮਾਰੀ**: ਹਾਂ, ਬਹੁਤ ਬੁਰੀ ਤਰ੍ਹਾਂ ਕਰਦਾ ਹੈ ਪ੍ਰਭਾਵਤ ਸਾਡੀ ਸਿਹਤ ਨੂੰ, ਪਰਿਆਵਰਣ ਦਾ ਇਹ ਪ੍ਰਦੂਸ਼ਣ! ਪੀਣਯੋਗ ਪਾਣੀ ਦੀ ਘਾਟ, ਸਾਫ ਸਫਾਈ ਦੀ ਘਾਟ, ਕੂੜੇ ਕਰਕਟ ਦਾ ਨਿਪਟਾਰਾ ਨਾ ਹੋਣ ਕਰਕੇ ਗੰਦਗੀ ਦੇ ਢੇਰ, ਕਾਰਖਾਨਿਆਂ ਦੇ ਪ੍ਰਦੂਸ਼ਕ ਤੇ ਮਲੀਨ ਹਵਾ, ਬਣਦੇ ਨੇ ਬਹੁਤ ਸਾਰੀਆਂ ਬਿਮਾਰੀਆਂ ਦੇ ਕਾਰਨ ! ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ, ਜਿਵੇਂ ਟੱਟੀਆਂ ਉਲਟੀਆਂ ਤਾਂ ਆਮ ਹੀ ਫੈਲਦੀਆਂ ਰਹਿੰਦੀਆਂ ਨੇ, ਇਸਦੇ ਨਾਲ ਹੀ ਪੇਟ ਦੇ ਕੀੜੇ, ਲਾਗ ਦੀਆਂ ਬਿਮਾਰੀਆਂ ਤੇ ਸਾਂਹ ਦੀਆਂ ਬਿਮਾਰੀਆਂ ਵੀ ਜਿਆਦਾ ਹੁੰਦਿਆਂ ਹਨ! ਕਈ ਅਧਿਅਨ ਇਹ ਵੀ ਦਰਸਾਉਂਦੇ ਨੇ ਕਿ ਸ਼ਹਿਰੀ ਬਸਤੀਆਂ ਵਿੱਚ ਸਿਸ਼ੂ ਮੌਤ ਦਰ ਪਿੰਡਾਂ ਦੇ ਮੁਕਾਬਲੇ ਵੱਧ ਹੈ ।

**ਦਰਸ਼ਨ ਸਿੰਘ**: ਮੈਡਮ, ਸੁਣਿਆ ਹੈ ਸ਼ਹਿਰ ਤਾਂ ਗਰਮ ਵੀ ਜਿਆਦਾ ਰਹਿੰਦੇ ਨੇ ! ਕੀ ਇਸਦਾ ਵੀ ਕੋਈ ਪ੍ਰਭਾਵ ਪੈਂਦਾ ਹੈ ਪਰਿਆਵਰਣ 'ਤੇ !

**ਅੰਮ੍ਰਿਤ ਕੁਮਾਰੀ**: ਹਾਂ, ਕਿਉਂ ਨਹੀਂ? ਸ਼ਹਿਰਾਂ ਦਾ ਕਾਫੀ ਸਾਰਾ ਤਾਪ ਵਾਯੂਮੰਡਲ ਵਿੱਚ ਵਾਪਸ ਨਹੀਂ ਜਾਂਦਾ ! ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿੱਚੋਂ 15 ਤੋਂ 30% ਤੱਕ ਘੱਟ ਤਾਪ ਵਾਪਸ ਜਾਂਦਾ ਹੈ ! ਊਰਜਾ ਦੀ ਜਿਆਦਾ ਖਪਤ ਕਾਰਨ ਤੇ ਘੱਟ ਤਾਪ ਵਾਪਸ ਜਾਣ ਕਾਰਨ, ਸ਼ਹਿਰ ਰਹਿੰਦੇ ਨੇ ਗਰਮ ! ਇਨ੍ਹਾਂ ਦਾ ਤਾਪਮਾਨ 0.6 ਡਿਗਰੀ ਤੋਂ 1.3 ਡਿਗਰੀ ਸੈਲਸੀਅਸ ਤੱਕ ਰਹਿੰਦਾ ਹੈ ਉਚਾ ! ਇਹ ਪ੍ਰਦੂਸ਼ਕਾਂ ਨੂੰ ਪਕੜ ਲੈਂਦਾ ਹੈ ਜਿਸ ਕਰਕੇ ਸ਼ਹਿਰਾਂ ਦੇ ਵਿੱਚ, ਬਦਲਵਾਈ ਤੇ ਸਮੌਗ ਬਣ ਜਾਂਦਾ ਹੈ ਆਮ ਵਰਤਾਰਾ!

**ਸੀਤਾ**: ਮੈਡਮ, ਕੀ ਸ਼ਹਿਰੀਕਰਨ ਦਾ ਮੌਸਮ ਤੇ ਵੀ ਪੈਂਦਾ ਹੈ ਕੋਈ ਪ੍ਰਭਾਵ ?

**ਅੰਮ੍ਰਿਤ ਕੁਮਾਰੀ** : ਹਾਂ ! ਵੱਡੇ ਉਦਯੋਗਿਕ ਸ਼ਹਿਰਾਂ ਦੇ ਜਿਆਦਾ ਪ੍ਰਦੂਸ਼ਕ, ਨਿਚਲੇ ਪਾਸੇ ਨੂੰ ਜਾਂਦੇ ਹਨ ! ਇਸ ਨਾਲ ਗੜੇ, ਬਰਫਬਾਰੀ ਤੇ ਹਵਾ ਦਾ ਪ੍ਰਦੂਸ਼ਨ ਵਧ ਜਾਂਦੇ ਹਨ, ਇਹ ਕੇਵਲ ਮੌਸਮ ਦੇ ਰੂਪ ਨੂੰ ਹੀ ਨਹੀਂ ਬਦਲਦਾ ਬਲਕਿ ਇਸ ਨਾਲ ਪਾਣੀ ਵੀ ਧਰਤੀ ਹੇਠ ਜਾਣ ਦੇ ਰਹਿੰਦਾ ਹੈ ਅਸਮਰੱਥ ਤੇ ਹੁੰਦੀ ਨਹੀਂ ਪਾਣੀ ਦੀ ਵੀ ਮੁੜ ਭਰਾਈ ! ਇਸ ਨਾਲ ਹੜ੍ਹ ਵੀ ਆਉਂਦੇ ਹਨ ਤੇ ਧਰਤੀ ਹੇਠਲਾ ਪਾਣੀ ਵੀ ਪਤਾਲਾਂ ਨੂੰ ਜਾਂਦਾ ਹੈ ਚਲਿਆ ।

**ਗੁਰਿੰਦਰ**: ਮੈਡਮ, ਮਹਾਨਗਰਾਂ ਦਾ ਤੇ ਸ਼ਹਿਰੀਕਰਨ ਦਾ ਟਿਕਾਊ ਵਿਕਾਸ ਨਾਲ ਕੀ ਸੰਬੰਧ ਹੈ ?

**ਅੰਮ੍ਰਿਤ ਕੁਮਾਰੀ**: ਮਹਾਨਗਰਾਂ ਤੇ ਸ਼ਹਿਰੀਕਰਨ ਦੀ ਸਾਰੀ ਪ੍ਰਕਿਰਿਆ ਘੁੰਮਦੀ ਹੈ ਉਦਯੋਗਿਕ ਈਂਧਣ ਦੀ ਵਰਤੋਂ, ਬਿਜਲੀ ਦੀ ਖਪਤ, ਧਰਤੀ ਤੇ ਵਾਹਣ ਸੰਚਾਰ ਵਾਸਤੇ ਊਰਜਾ ਦੀ ਵਰਤੋਂ, ਪਾਣੀ ਦੀ ਖਪਤ, ਕੂੜ ਕਬਾੜ ਪੈਦਾ ਹੋਣ ਦੀ ਮਾਤਰਾ ਅਤੇ ਸਟੀਲ ਦੇ ਉਤਪਾਦਨ ਅਤੇ ਇਨ੍ਹਾਂ ਦੀ ਮਾਤਰਾ ਅਤੇ ਪ੍ਰਬੰਧਨ ਦੇ ਦੁਆਲੇ ! ਮਹਾਨਗਰ ਤੇ ਫੈਲਦੇ ਸ਼ਹਿਰ ਪੇਸ਼ ਕਰਦੇ ਨੇ ਬਹੁਤ ਸਾਰੀਆਂ ਸਮਾਜਕ ਤੇ ਪਰਿਆਵਰਣੀ ਚੁਣੌਤੀਆਂ। ਇਨ੍ਹਾਂ ਦੇ ਸੰਧਰਬ ਵਿੱਚ ਟਿਕਾਊ ਵਿਕਾਸ ਇਸ ਗੱਲ 'ਤੇ ਨਿਰਭਰ ਹੈ ਕਿ ਇਹ ਆਪਣੇ ਲਈ ਊਰਜਾ ਤੇ ਪਦਾਰਥਕ ਸ੍ਰੋਤਾਂ ਨੂੰ ਕਿਵੇਂ ਪ੍ਰਾਪਤ ਕਰਦੇ ਹਨ ਅਤੇ ਕਿਵੇਂ ਉਨ੍ਹਾਂ ਦਾ ਵਿਤਰਨ ਤੇ ਪ੍ਰਬੰਧ ਕਰਦੇ ਹਨ ?

**ਦਰਸ਼ਨ ਸਿੰਘ:** ਮੈਡਮ, ਸ੍ਰੋਤਾਂ ਦੀ ਵਿਅਕਤੀਗਤ ਰੂਪ ਵਿੱਚ ਵਰਤੋਂ 'ਤੇ ਸ਼ਹਿਰੀਕਰਨ ਦਾ ਕੀ ਪੈਂਦਾ ਹੈ ਪ੍ਰਭਾਵ ?

**ਅੰਮ੍ਰਿਤ ਕੁਮਾਰੀ:** ਸ਼ਹਿਰਾਂ ਵਿੱਚ ਸਿੱਖਿਆ, ਸਿਹਤ, ਆਵਾਜਾਈ, ਮਨ-ਪ੍ਰਚਾਵੇ ਤੇ ਖਾਣ-ਪੀਣ ਦੇ ਸਾਧਨ ਜਿਆਦਾ ਮਾਤਰਾ ਵਿੱਚ ਉਪਲਬਧ ਹੁੰਦੇ ਹਨ। ਬੇਸ਼ੱਕ ਗਰੀਬਾਂ ਦੀਆਂ ਸ਼ਹਿਰੀ ਬਸਤੀਆਂ ਵਿੱਚ ਇਹ ਸਾਧਨ ਅਮੀਰਾਂ ਜਿੰਨੇ ਤਾਂ ਨਹੀਂ ਹੁੰਦੇ ਪਰ ਫਿਰ ਵੀ ਪਿੰਡਾਂ ਦੇ ਮੁਕਾਬਲੇ ਵੱਧ ਹੁੰਦੇ ਹਨ ! ਅਧਿਅਨ ਦਰਸਾਉਂਦੇ ਹਨ ਕਿ ਭੋਜਨ ਪਦਾਰਥਾਂ ਦੀ ਅਤੇ ਹੋਰ ਘਰੇਲੂ ਵਸਤਾਂ ਦੀ ਪ੍ਰਤੀ ਵਿਅਕਤੀ ਖਪਤ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿੱਚ ਕਿਤੇ ਜਿਆਦਾ ਹੈ।ਚੀਨ ਦੇ ਸ਼ਹਿਰਾਂ ਵਿੱਚ ਸੂਰ ਦੇ ਮੀਟ ਦੀ ਤੇ ਭਾਰਤ ਦੇ ਸ਼ਹਿਰਾਂ ਵਿੱਚ ਦੁੱਧ ਦੀ, ਪ੍ਰਤੀ ਵਿਅਕਤੀ ਖਪਤ ਕਰੀਬ 60% ਵੱਧ ਹੈ । ਇਸੇ ਤਰ੍ਹਾਂ ਸ਼ਹਿਰਾਂ ਵਿੱਚ ਪ੍ਰਤੀ ਵਿਅਕਤੀ ਟੀ ਵੀ, ਫਰਿਜ, ਕਪੜੇ ਧੋਣ ਦੀਆਂ ਮਸ਼ੀਨਾਂ, ਵਾਹਣ, ਫਰਨੀਚਰ ਤੇ ਹੋਰ ਸਾਜੋ ਸਮਾਨ ਵੀ ਕਈ ਗੁਣਾ ਜਿਆਦਾ ਹਨ !

**ਸੀਤਾ:** ਮੈਡਮ ! ਊਰਜਾ ਦੀ ਖਪਤ ਉਪਰ ਸ਼ਹਿਰੀਕਰਨ ਦਾ ਕੀ ਪ੍ਰਭਾਵ ਹੈ ?

**ਅੰਮ੍ਰਿਤ ਕੁਮਾਰੀ:** ਪ੍ਰਵਾਸ ਕਰਕੇ ਜਾ ਹੋਰ ਕਾਰਨਾ ਕਰਕੇ ਫੈਲਦੇ ਸ਼ਹਿਰ ਤੇ ਵੱਧਦੀ ਸ਼ਹਿਰੀ ਆਬਾਦੀ ਨਾਲ ਊਰਜਾ ਦੀ ਖਪਤ ਕਈ ਗੁਣਾ ਵੱਧ ਜਾਂਦੀ ਹੈ। ਬਿਜਲੀ ਵਾਸਤੇ, ਗਰਮ ਕਰਨ ਵਾਸਤੇ, ਆਉਣ ਜਾਣ ਵਾਸਤੇ, ਖਾਣਾ ਪਕਾਉਣ ਵਾਸਤੇ, ਕਪੜੇ ਧੋਣ ਵਾਸਤੇ ਤੇ ਸਾਫ ਸਫਾਈ ਵਾਸਤੇ, ਊਰਜਾ ਦੀ ਖਪਤ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿੱਚ ਕਈ ਗੁਣਾ ਜਿਆਦਾ ਹੈ ।ਅਮਰੀਕਾ ਵਿੱਚ ਜਿਆਦਾ ਸ਼ਹਿਰੀਕਰਨ ਹੋਣ ਕਰਕੇ ਹਰ ਦੋ ਵਿਅਕਤੀਆਂ ਪਿੱਛੇ ਇੱਕ ਕਾਰ ਹੈ ਤੇ ਜੇ ਸੰਸਾਰ ਦਾ ਇਹੀ ਮਾਪ ਦੰਡ ਬਣ ਗਿਆ ਤਾਂ 2050 ਤੱਕ ਸੰਸਾਰ ਵਿੱਚ 530 ਕਰੋੜ ਕਾਰਾਂ ਹੋਣਗੀਆਂ! ਤਕਨਾਲੋਜੀ ਦੇ ਵਿਕਾਸ ਤੇ ਸੁਧਾਰ ਦੇ ਬਾਵਜੂਦ ਇਹ ਊਰਜਾ ਦੀ ਬੇ ਹਿਸਾਬ ਖਪਤ ਕਰਨਗੀਆਂ ਤੇ ਪੈਦਾ ਕਰਨਗੀਆਂ ਅੰਤਾਂ ਦਾ ਪ੍ਰਦੂਸ਼ਣ ! ਰੋੜਾ ਬਣਨਗੀਆਂ ਟਿਕਾਊ ਵਿਕਾਸ ਦੇ ਰਸਤੇ ਵਿੱਚ !

**ਗੁਰਿੰਦਰ:** ਮੈਡਮ ! ਇਸ ਹਾਲਤ ਵਿੱਚ ਪ੍ਰਬੰਧ ਕਰਨ ਵਿੱਚ ਚੁਣੌਤੀਆਂ ਕੀ ਨੇ ?

**ਅੰਮ੍ਰਿਤ ਕੁਮਾਰੀ:** ਪਰਿਆਵਰਣ ਦੀ ਇਹ ਵਧਦੀ ਪ੍ਰਦੂਸ਼ਤਾ ਰੋਕਣ ਦੇ ਲਈ ਲੋੜ ਹੈ ਸਮੁਚੇ ਪ੍ਰਬੰਧ ਦੀ ਜਿਸ ਵਾਸਤੇ ਚਾਹੀਦੇ ਨੇ ਸਹੀ ਅੰਕੜੇ ਤੇ ਸਹੀ ਸੂਚਨਾ, ਆਬਾਦੀ ਦੀ, ਆਵਾਸ ਦੀ, ਪਾਣੀ ਦੀ, ਸਾਫ ਸਫਾਈ ਦੀ , ਕੂੜੇ ਕਰਕਟ ਦੀ, ਸੜਕਾਂ ਦੀ ਤੇ ਧਰਾਤਲ ਦੀ ! ਪਰ ਇਨ੍ਹਾਂ ਸੂਚਨਾਵਾਂ ਦੀ ਰਹਿੰਦੀ ਹੈ ਘਾਟ ਤੇ ਕੰਮ ਕਰਦੇ ਨੇ ਅਧਿਕਾਰੀ ਅੱਖਾਂ ਮੀਚ ਕੇ। ਤਕੜੇ ਪ੍ਰਸ਼ਾਸ਼ਨ ਦੀ ਹੁੰਦੀ ਹੈ ਲੋੜ ! ਪਰ ਪ੍ਰਸ਼ਾਸ਼ਨ ਪੈ ਜਾਂਦਾ ਹੈ ਬੌਣਾ, ਸ੍ਰੋਤਾਂ ਦੀ ਘਾਟ ਕਾਰਨ, ਪਾਣੀ, ਜ਼ਮੀਨ, ਹਵਾ, ਸੜਕਾਂ, ਆਵਾਸ, ਪਰਿਵਹਿਣ ਤੇ ਉਦਯੋਗਾਂ ਦੇ ਵੱਖ-ਵੱਖ ਅਦਾਰਿਆਂ ਜਾ ਵਿਭਾਗਾਂ ਵੱਲੋਂ ਪ੍ਰਬੰਧ ਦੇ ਕਾਰਨ ! ਆਮ ਤੌਰ 'ਤੇ ਇਨ੍ਹਾਂ ਦਾ ਸਹੀ ਤਾਲ ਮੇਲ ਤਾਂ ਹੁੰਦਾ ਹੀ ਨਹੀਂ ! ਸੜਕ ਬਣਦੀ ਹੈ, ਪਰ ਦੂਜੇ ਦਿਨ ਹੀ ਪਾਣੀ ਦੀਆਂ ਪਾਈਪਾਂ ਜਾ ਸੀਵਰ ਪਾਉਣ ਵਾਲੇ ਉਸਨੂੰ ਪੁੱਟ ਦਿੰਦੇ ਨੇ !

**ਦਰਸ਼ਨ ਸਿੰਘ:** ਮੈਡਮ, ਇਸਦਾ ਹੱਲ ਕੀ ਹੈ?

**ਅੰਮ੍ਰਿਤ ਕੁਮਾਰੀ:** ਵਿਕਾਸ ਦੀ ਦਿਸ਼ਾ ਨੂੰ ਮੋੜਾ, ਕੁਦਰਤੀ ਨਾਲ ਸੰਤੁਲਨ ਵਾਲਾ ਵਿਕਾਸ, ਬਰਾਬਰੀ ਵਾਲਾ ਵਿਕਾਸ, ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਵਾਲਾ ਵਿਕਾਸ, ਸਥਾਨਕ ਪੱਧਰ ਤੇ ਰੁਜਗਾਰ ਦੇਣ ਵਾਲਾ ਵਿਕਾਸ, ਘੱਟ ਤੋਂ ਘੱਟ ਫੋਕਟ ਪੈਦਾ ਕਰਨ ਵਾਲਾ ਵਿਕਾਸ!

**ਤਾੜੀਆਂ** …………

**ਪ੍ਰੋ. ਰਮਾਕਾਂਤ:** ਮੈਂ ਵਕਤਿਆਂ ਦਾ ਤੇ ਆਪ ਸੱਭ ਦਾ ਧੰਨਵਾਦ ਕਰਦਾ ਹਾਂ ! ਬਹੁਤ ਹੀ ਰੋਚਕ ਤੱਤ ਸਾਡੇ ਸਾਹਮਣੇ ਆਏ ਹਨ ! ਆਓ ਅਸੀਂ ਪ੍ਰਣ ਕਰੀਏ ਕਿ ਅਸੀਂ ਵਿਅਕਤੀਗਤ ਤੌਰ 'ਤੇ, ਸਮੂਹਿਕ ਤੌਰ 'ਤੇ ਅਤੇ ਪ੍ਰਸ਼ਾਸ਼ਨ ਦੇ ਤੌਰ ਤੇ ਕੋਸ਼ਿਸ਼ ਕਰਾਂਗੇ ਕੁਦਰਤ ਨਾਲ ਇੱਕਸੁਰਤਾ ਵਾਲੇ ਵਿਕਾਸ ਦੀ ਦਿਸ਼ਾ ਵਿੱਚ ਕਦਮ ਉਠਾਉਣ ਦੀ, ਤਾਂ ਜੋ ਰੋਕ ਸਕੀਏ ਪਰਿਆਵਰਣ ਦੀ ਇਸ ਬਰਬਾਦੀ ਦੇ ਰੱਥ ਨੂੰ , ਤੇ ਫੜ ਸਕੀਏ ਟਿਕਾਊ ਵਿਕਾਸ ਵਾਲੀ ਪਗਡੰਡੀ ਦਾ ਪੱਲਾ !

ਤਾੜੀਆਂ ............

----------ਸਮਾਪਤੀ ਸੰਗੀਤ----------

ਪ੍ਰਸ਼ਨ 1: ਸ਼ਹਿਰ ਗਰਮ ਕਿਉਂ ਹੁੰਦੇ ਹਨ ?

ਉਤਰ: ਸ਼ਹਿਰਾਂ ਵਿੱਚ ਊਰਜਾ ਦੀ ਖਪਤ ਜਿਆਦਾ ਹੁੰਦੀ ਹੈ ਤੇ ਇਨ੍ਹਾਂ ਦਾ 15% ਤੋਂ 30% ਤਾਪ ਵਿਕੀਰਨ ਰਾਹੀਂ ਵਾਪਸ ਹਵਾ ਮੰਡਲ ਵਿੱਚ ਨਹੀਂ ਜਾਂਦਾ !

ਪ੍ਰਸ਼ਨ 2: ਮਹਾਨਗਰਾਂ ਵਿੱਚ ਸਮੌਗ ਦੇ ਕੀਕਾਰਨ ਹਨ ?

ਉਤਰ: ਵਾਹਣਾਂ ਤੇ ਕਾਰਖਾਨਿਆਂ ਵਿੱਚੋਂ ਨਿਕਲੇ ਧੂੰਏ ਅਤੇ ਪਥਰਾਹਟੀ ਬਾਲਣਾਂ ਦੀ ਵਧੀ ਖਪਤ ਕਾਰਨ ਨਿਕਲੇ ਕਣਾਂ ਦੀ, ਹਵਾ ਵਿੱਚ ਲਟਕੇ ਪ੍ਰਦੂਸ਼ਕਾਂ ਨਾਲ ਰਸਾਇਣਿਕ ਤੇ ਫੋਟੋ ਕੈਮੀਕਲ ਕਿਰਿਆ ਕਾਰਨ ਪੈਦਾ ਹੁੰਦੀ ਹੈ ਸਮੌਗ !